


2026 ਆਮ ਚੋਣਾਂ

# 2026 ਦੀਆਂ ਆਮ ਚੋਣਾਂ ਵਿੱਚ ਵੋਟਾਂ ਪਾਉਣ ਵਾਸਤੇ ਤੁਹਾਡੀ ਗਾਈਡ

ELECTORAL COMMISSION
TE KAITIAKI TAKE KŌWHIRI

vote.nz

E231 Punjabi A4 08/26

## 2026 ਵਿੱਚ ਕੀ ਉਮੀਦ ਕਰਨੀ ਹੈ ਅਤੇ ਵੋਟ ਕਿਵੇਂ ਪਾਉਣੀ ਹੈ

### ਯਕੀਨੀ ਬਣਾਓ ਕਿ ਤੁਸੀਂ ਆਪਣਾ ਨਾਮ ਦਰਜ ਕਰਵਾਇਆ ਹੈ ਅਤੇ ਤੁਹਾਡੇ ਵੇਰਵੇ ਨਵੀਨਤਮ ਹਨ।

2026 ਦੀਆਂ ਆਮ ਚੋਣਾਂ ਵਿੱਚ ਵੋਟ ਪਾਉਣ ਲਈ, ਤੁਹਾਨੂੰ **ਐਤਵਾਰ 25 ਅਕਤੂਬਰ ਨੂੰ ਅੱਧੀ ਰਾਤ** ਤੱਕ ਨਾਮ ਦਰਜ ਕਰਵਾਉਣ ਦੀ ਲੋੜ ਹੈ। ਸੋਮਵਾਰ 26 ਅਕਤੂਬਰ ਨੂੰ ਵੋਟਾਂ ਪਾਉਣਾ ਸ਼ੁਰੂ ਹੋਣ ਤੋਂ ਬਾਅਦ ਤੁਸੀਂ ਨਾਮ ਦਰਜ ਨਹੀਂ ਕਰਵਾ ਸਕੋਗੇ ਜਾਂ ਆਪਣੇ ਵੇਰਵਿਆਂ ਨੂੰ ਅੱਪਡੇਟ ਨਹੀਂ ਕਰਵਾ ਸਕੋਗੇ।

ਜੇਕਰ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ, ਤੁਸੀਂ ਨਿਊਜ਼ੀਲੈਂਡ ਦੇ ਨਾਗਰਿਕ ਹੋ ਜਾਂ ਚੋਣ ਦੇ ਉਦੇਸ਼ਾਂ ਲਈ ਨਿਵਾਸੀ ਹੋ, ਅਤੇ ਤੁਸੀਂ ਆਪਣੀ ਜ਼ਿੰਦਗੀ ਦੇ ਕਿਸੇ ਸਮੇਂ ਲਗਾਤਾਰ 12 ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਨਿਊਜ਼ੀਲੈਂਡ ਵਿੱਚ ਰਹੇ ਹੋ ਤਾਂ ਤੁਹਾਡੇ ਲਈ ਨਾਮ ਦਰਜ ਕਰਵਾਉਣਾ ਲਾਜ਼ਮੀ ਹੈ।

ਜੇਕਰ ਤੁਸੀਂ ਨਿਊਜ਼ੀਲੈਂਡ ਵਿੱਚ ਕਾਨੂੰਨੀ ਤੌਰ 'ਤੇ ਰਹਿ ਰਹੇ ਹੋ ਅਤੇ ਤੁਹਾਨੂੰ ਇੱਕ ਨਿਸ਼ਚਿਤ ਸਮੇਂ ਦੇ ਅੰਦਰ ਚਲੇ ਜਾਣ ਦੀ ਲੋੜ ਨਹੀਂ ਹੈ ਤਾਂ ਤੁਸੀਂ ਚੋਣ ਉਦੇਸ਼ਾਂ ਲਈ ਨਿਵਾਸੀ ਹੋ।

## ਔਨਲਾਈਨ ਆਪਣਾ ਨਾਮ ਦਰਜ ਕਰਵਾਓ, ਆਪਣੇ ਵੇਰਵਿਆਂ ਦੀ ਜਾਂਚ ਕਰੋ ਜਾਂ ਇਹਨਾਂ ਨੂੰ ਅੱਪਡੇਟ ਕਰੋ

**ਨਾਮ ਦਰਜ ਕਰਵਾਉਣਾ ਇੱਕ ਵਾਰ ਕਰਨ ਵਾਲਾ ਕੰਮ ਨਹੀਂ ਹੈ। ਤੁਹਾਨੂੰ ਆਪਣੀ ਦਰਜ ਕਰਵਾਈ ਗਈ ਜਾਣਕਾਰੀ ਨੂੰ ਨਵੀਨਤਮ ਰੱਖਣ ਦੀ ਲੋੜ ਹੈ ਤਾਂ ਜੋ ਤੁਸੀਂ ਵੋਟ ਪਾਉਣ ਲਈ ਤਿਆਰ ਹੋਵੋ।**

ਆਪਣੇ ਨਿਊਜ਼ੀਲੈਂਡ ਡਰਾਈਵਰ ਲਾਇਸੈਂਸ, ਨਿਊਜ਼ੀਲੈਂਡ ਪਾਸਪੋਰਟ ਜਾਂ RealMe ਪ੍ਰਮਾਣਿਤ ਪਛਾਣ ਦੀ ਵਰਤੋਂ ਕਰਕੇ **vote.nz** 'ਤੇ ਔਨਲਾਈਨ ਆਪਣੇ ਵੇਰਵਿਆਂ ਨੂੰ ਦਰਜ ਕਰਵਾਉਣਾ , ਜਾਂਚਣਾ ਜਾਂ ਅੱਪਡੇਟ ਕਰਨਾ ਆਸਾਨ ਹੈ।

ਤੁਸੀਂ ਇਹ ਵੀ ਕਰ ਸਕਦੇ ਹੋ:

- ਨਾਮ ਦਰਜ ਕਰਵਾਉਣ ਦਾ ਫਾਰਮ ਮੰਗਣ ਲਈ **0800 36 76 56** 'ਤੇ ਕਾਲ ਕਰੋ, ਜਾਂ
- ਨਾਮ ਦਰਜ ਕਰਵਾਉਣ ਦਾ ਫਾਰਮ ਡਾਕ ਰਾਹੀਂ ਭੇਜੇ ਜਾਣ ਲਈ ਆਪਣਾ ਨਾਮ ਅਤੇ ਪਤਾ **3676** 'ਤੇ ਟੈਕਸਟ ਸੁਨੇਹੇ ਰਾਹੀਂ ਮੁਫ਼ਤ ਭੇਜੋ।

## ਤੁਹਾਡਾ EasyVote ਕਾਰਡ

ਜੇਕਰ ਤੁਸੀਂ ਐਤਵਾਰ 4 ਅਕਤੂਬਰ ਤੱਕ ਨਾਮ ਦਰਜ ਕਰਵਾਉਂਦੇ ਹੋ, ਤਾਂ ਤੁਹਾਨੂੰ ਇੱਕ EasyVote ਕਾਰਡ ਭੇਜਿਆ ਜਾਵੇਗਾ।

ਜੇ ਤੁਸੀਂ ਸਾਨੂੰ ਆਪਣਾ ਈਮੇਲ ਪਤਾ ਦਿੱਤਾ ਹੈ ਤਾਂ ਤੁਹਾਡਾ EasyVote ਕਾਰਡ ਤੁਹਾਨੂੰ ਈਮੇਲ ਰਾਹੀਂ ਮਿਲੇਗਾ।

ਜੇਕਰ ਸਾਡੇ ਕੋਲ ਸਿਰਫ਼ ਤੁਹਾਡਾ ਡਾਕ ਪਤਾ ਹੈ, ਤਾਂ ਤੁਹਾਨੂੰ ਇਹ ਡਾਕ ਰਾਹੀਂ ਮਿਲੇਗਾ।

ਜੇਕਰ ਤੁਸੀਂ ਅਣਪ੍ਰਕਾਸ਼ਿਤ ਸੂਚੀ ਵਿੱਚ ਹੋ, ਤਾਂ ਤੁਹਾਨੂੰ ਡਾਕ ਵਿੱਚ ਇੱਕ ਵੋਟਿੰਗ ਪਰਚੀ ਭੇਜੀ ਜਾਵੇਗੀ।

ਤੁਹਾਡਾ EasyVote ਕਾਰਡ ਵੋਟ ਪਾਉਣਾ ਵਧੇਰੇ ਤੇਜ਼ ਅਤੇ ਆਸਾਨ ਬਣਾਉਂਦਾ ਹੈ। ਤੁਸੀਂ ਅਜੇ ਵੀ ਇਸ ਤੋਂ ਬਿਨਾਂ ਵੋਟ ਪਾ ਸਕਦੇ ਹੋ, ਪਰ ਵੋਟ ਪਾਉਣ ਦੇ ਸਥਾਨ 'ਤੇ ਇਸ ਵਿੱਚ ਥੋੜ੍ਹਾ ਜ਼ਿਆਦਾ ਸਮਾਂ ਲੱਗ ਸਕਦਾ ਹੈ।

ਜੇਕਰ ਤੁਸੀਂ ਐਤਵਾਰ 4 ਅਕਤੂਬਰ ਤੋਂ ਬਾਅਦ ਪਰ ਐਤਵਾਰ 25 ਅਕਤੂਬਰ ਨੂੰ ਅੱਧੀ ਰਾਤ ਤੋਂ ਪਹਿਲਾਂ ਨਾਮ ਦਰਜ ਕਰਵਾਉਂਦੇ ਹੋ, ਤਾਂ ਤੁਹਾਨੂੰ EasyVote ਕਾਰਡ ਨਹੀਂ ਮਿਲੇਗਾ।

## ਕਦੋਂ ਅਤੇ ਕਿੱਥੇ ਵੋਟ ਪਾਉਣੀ ਹੈ

ਵੋਟ ਪਾਉਣ ਲਈ ਤੁਹਾਨੂੰ ਚੋਣਾਂ ਵਾਲੇ ਦਿਨ ਤੱਕ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ।

**ਵੋਟਾਂ ਪਾਉਣ ਦੀ ਸ਼ੁਰੂਆਤ: ਸੋਮਵਾਰ 26 ਅਕਤੂਬਰ**

**ਵੋਟਾਂ ਪਾਉਣ ਦਾ ਸਮਾਂ ਸਮਾਪਤ: ਚੋਣਾਂ ਵਾਲੇ ਦਿਨ, ਸ਼ਨੀਵਾਰ 7 ਨਵੰਬਰ ਨੂੰ ਸ਼ਾਮ 7 ਵਜੇ**

ਵੋਟ ਪਾਉਣ ਦੇ ਸਥਾਨ ਸੋਮਵਾਰ 26 ਅਕਤੂਬਰ ਤੋਂ ਸ਼ਨੀਵਾਰ 7 ਨਵੰਬਰ ਤੱਕ ਖੁੱਲ੍ਹੇ ਹਨ।

ਤੁਸੀਂ ਵੋਟ ਪਾਉਣ ਦੇ ਸਥਾਨਾਂ, ਅਤੇ ਉਹਨਾਂ ਦੇ ਖੁੱਲ੍ਹਣ ਦੇ ਦਿਨਾਂ ਅਤੇ ਸਮਿਆਂ ਬਾਰੇ ਜਾਣਕਾਰੀ **vote.nz** 'ਤੇ ਜਾਂ **0800 36 76 56** 'ਤੇ ਕਾਲ ਕਰਕੇ ਪ੍ਰਾਪਤ ਕਰ ਸਕਦੇ ਹੋ।

ਚੋਣਾਂ ਵਾਲੇ ਦਿਨ, ਸ਼ਨੀਵਾਰ 7 ਨਵੰਬਰ ਨੂੰ, ਸਾਰੇ ਵੋਟ ਪਾਉਣ ਦੇ ਸਥਾਨ ਸਵੇਰੇ 9 ਵਜੇ ਤੋਂ ਸ਼ਾਮ 7 ਵਜੇ ਤੱਕ ਖੁੱਲ੍ਹੇ ਰਹਿਣਗੇ।

**ਕੀ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ?**

- ਦੇਖੋ: **vote.nz**
- ਕਾਲ ਕਰੋ: **0800 36 76 56**

ਨਾਮ ਦਰਜ ਕਰਵਾਉਣ ਅਤੇ ਵੋਟ ਪਾਉਣ ਬਾਰੇ ਜਾਣਕਾਰੀ **vote.nz** 'ਤੇ ਹੋਰ ਭਾਸ਼ਾਵਾਂ ਵਿੱਚ ਅਤੇ ਵਿਕਲਪਕ ਵੰਨਗੀਆਂ (ਫਾਰਮੈਟਾਂ) ਵਿੱਚ ਵੀ ਉਪਲਬਧ ਹੈ।

ਇਹ ਜਾਣਕਾਰੀ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਾਂਝੀ ਕਰੋ ਅਤੇ ਵੋਟ ਪਾਉਣ ਲਈ ਤਿਆਰ ਹੋਣ ਵਿੱਚ ਉਹਨਾਂ ਦੀ ਮਦਦ ਕਰੋ।

# ਵੋਟ ਕਿਵੇਂ ਪਾਉਣੀ ਹੈ

## 1 ਆਪਣਾ EasyVote ਕਾਰਡ ਲਿਆਓ




ਆਪਣਾ EasyVote ਕਾਰਡ ਜਾਂ ਵੋਟਿੰਗ ਪਰਚੀ ਆਪਣੇ ਨਾਲ ਲੈਕੇ ਜਾਓ ਕਿਉਂਕਿ ਇਸ ਨਾਲ ਵੋਟ ਪਾਉਣ ਦੀ ਪ੍ਰਕਿਰਿਆ ਤੇਜ਼ ਹੋ ਜਾਵੇਗੀ।

ਜੇਕਰ ਤੁਹਾਨੂੰ ਆਪਣਾ EasyVote ਕਾਰਡ ਈਮੇਲ ਰਾਹੀਂ ਪ੍ਰਾਪਤ ਹੋਇਆ ਹੈ, ਤਾਂ ਤੁਸੀਂ ਆਪਣਾ ਡਿਵਾਈਸ ਆਪਣੇ ਨਾਲ ਲਿਆ ਸਕਦੇ ਹੋ ਅਤੇ ਸਾਨੂੰ ਸਕ੍ਰੀਨ 'ਤੇ ਆਪਣਾ ਕਾਰਡ ਦਿਖਾ ਸਕਦੇ ਹੋ।

ਜੇਕਰ ਤੁਸੀਂ ਚਾਹੋ, ਤਾਂ ਤੁਸੀਂ ਵੋਟ ਪਾਉਣ ਦੇ ਸਥਾਨ 'ਤੇ ਜਾਣ ਤੋਂ ਪਹਿਲਾਂ ਇਸਨੂੰ ਡਾਊਨਲੋਡ ਕਰ ਸਕਦੇ ਹੋ, ਪ੍ਰਿੰਟ ਕਰ ਸਕਦੇ ਹੋ, ਜਾਂ ਆਪਣੇ ਕਾਰਡ ਦਾ ਸਕ੍ਰੀਨਸ਼ਾਟ ਲੈ ਸਕਦੇ ਹੋ।

ਤੁਹਾਡੇ EasyVote ਕਾਰਡ 'ਤੇ ਤੁਹਾਡੇ ਵੇਰਵੇ ਹਨ, ਅਤੇ ਸਿਰਫ਼ ਤੁਸੀਂ ਹੀ ਇਸਨੂੰ ਵਰਤ ਸਕਦੇ ਹੋ।

ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ, ਜੇਕਰ ਤੁਹਾਡੇ ਕੋਲ ਆਪਣਾ EasyVote ਕਾਰਡ ਨਹੀਂ ਹੈ, ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ।

## 2 ਵੋਟ ਪਾਉਣ ਦੇ ਸਥਾਨ 'ਤੇ ਤੁਹਾਡੀ ਮਦਦ ਕਰਨ ਲਈ ਕੋਈ ਵਿਅਕਤੀ ਮੌਜੂਦ ਹੋਵੇਗਾ

ਤੁਹਾਡੇ ਵੋਟ ਪਾਉਣ ਦੇ ਸਥਾਨ 'ਤੇ ਚੋਣ ਵਰਕਰ ਤੁਹਾਨੂੰ ਦਿਖਾਉਣਗੇ ਕਿ ਕੀ ਕਰਨਾ ਹੈ ਅਤੇ ਕਿੱਥੇ ਜਾਣਾ ਹੈ।

## 3 ਆਮ ਚੋਣਾਂ ਵਿੱਚ ਵੋਟ ਪਾਓ

ਕਿਸੇ ਆਮ ਚੋਣਾਂ ਵਿੱਚ, ਤੁਹਾਨੂੰ ਦੋ ਵੋਟਾਂ ਮਿਲਦੀਆਂ ਹਨ – ਇੱਕ ਪਾਰਟੀ ਵੋਟ ਅਤੇ ਇੱਕ ਚੋਣ-ਹਲਕਾ (electorate) ਵੋਟ।

### ਤੁਹਾਡੀ ਪਾਰਟੀ ਵੋਟ

ਤੁਹਾਡੀ ਪਾਰਟੀ ਵੋਟ ਉਸ ਰਾਜਨੀਤਕ ਪਾਰਟੀ ਵਾਸਤੇ ਹੈ ਜਿਸ ਦਾ ਤੁਸੀਂ ਸਮਰਥਨ ਕਰਦੇ ਹੋ।

ਇਹ ਵੋਟ ਮੋਟੇ ਤੌਰ 'ਤੇ ਉਹਨਾਂ ਸੀਟਾਂ ਦੀ ਕੁੱਲ ਸੰਖਿਆ ਦਾ ਫੈਸਲਾ ਕਰਦੀ ਹੈ ਜੋ ਪਾਰਲੀਮੈਂਟ ਵਿੱਚ ਹਰ ਰਾਜਨੀਤਕ ਪਾਰਟੀ ਨੂੰ ਪ੍ਰਾਪਤ ਹੁੰਦੀਆਂ ਹਨ। ਪਾਰਟੀ ਵੋਟ ਦੇ ਮੁਕਾਬਲਤਨ ਵੱਡੇ ਹਿੱਸੇ ਵਾਲੀਆਂ ਪਾਰਟੀਆਂ ਨੂੰ ਪਾਰਲੀਮੈਂਟ ਵਿੱਚ ਵਧੇਰੇ ਸੀਟਾਂ ਮਿਲਣਗੀਆਂ।

ਚਾਹੇ ਤੁਹਾਡਾ ਨਾਮ ਆਮ ਸੂਚੀ ਵਿੱਚ ਹੈ ਜਾਂ ਮਾਓਰੀ ਸੂਚੀ ਵਿੱਚ, ਤੁਸੀਂ ਰਾਜਨੀਤਕ ਪਾਰਟੀਆਂ ਦੀ ਇੱਕੋ ਸੂਚੀ ਵਿੱਚੋਂ ਚੋਣ ਕਰ ਸਕਦੇ ਹੋ।

ਆਪਣੇ ਵੋਟਿੰਗ ਪੇਪਰ 'ਤੇ, ਆਪਣੀ ਪਸੰਦ ਦੀ ਰਾਜਨੀਤਕ ਪਾਰਟੀ ਦੇ ਨਾਮ ਦੇ ਅੱਗੇ ਸਹੀ ਦਾ ਨਿਸ਼ਾਨ ਲਗਾਓ।

### ਤੁਹਾਡੀ ਚੋਣ-ਹਲਕਾ ਵੋਟ

ਤੁਹਾਡੀ ਚੋਣ-ਹਲਕਾ ਵੋਟ ਉਸ ਉਮੀਦਵਾਰ ਦੀ ਚੋਣ ਕਰਨ ਵਾਸਤੇ ਹੈ ਜਿਸਨੂੰ ਤੁਸੀਂ ਉਸ ਖੇਤਰ ਵਾਸਤੇ ਪਾਰਲੀਮੈਂਟ ਮੈਂਬਰ (MP) ਬਣਾਉਣਾ ਚਾਹੁੰਦੇ ਹੋ ਜਿਸ ਵਿੱਚ ਤੁਸੀਂ ਰਹਿੰਦੇ ਹੋ।

ਜੇ ਤੁਹਾਡਾ ਨਾਮ ਮਾਓਰੀ ਲੋਕਾਂ ਲਈ ਸੂਚੀ ਵਿੱਚ ਹੈ, ਤਾਂ ਤੁਸੀਂ ਕਿਸੇ ਮਾਓਰੀ ਹਲਕੇ ਵਿੱਚ ਖੜ੍ਹੇ ਕਿਸੇ ਉਮੀਦਵਾਰ ਨੂੰ ਵੋਟ ਪਾਓਗੇ।

ਜੇ ਤੁਹਾਡਾ ਨਾਮ ਆਮ ਸੂਚੀ ਵਿੱਚ ਹੈ, ਤਾਂ ਤੁਸੀਂ ਆਮ ਚੋਣ-ਹਲਕੇ ਵਿੱਚ ਖੜ੍ਹੇ ਕਿਸੇ ਉਮੀਦਵਾਰ ਨੂੰ ਵੋਟ ਪਾਓਗੇ।

ਤੁਹਾਡੇ ਵੋਟਿੰਗ ਪੇਪਰ 'ਤੇ, ਉਸ ਉਮੀਦਵਾਰ ਦੇ ਨਾਮ ਦੇ ਅੱਗੇ ਸਹੀ ਦਾ ਨਿਸ਼ਾਨ ਲਗਾਓ ਜਿਸ ਨੂੰ ਤੁਸੀਂ ਆਪਣੇ ਸਥਾਨਕ ਖੇਤਰ ਦੀ ਪ੍ਰਤਿਨਿਧਤਾ ਕਰਨ ਲਈ ਸਭ ਤੋਂ ਵੱਧ ਪਸੰਦ ਕਰਦੇ ਹੋ। ਸਭ ਤੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ ਤੁਹਾਡੇ ਚੋਣ-ਹਲਕੇ ਦਾ ਪਾਰਲੀਮੈਂਟ ਮੈਂਬਰ (MP) ਬਣ ਜਾਵੇਗਾ।



**ਪਾਰਟੀ ਵੋਟਾਂ** ਦਾ ਇਹ ਅਨੁਪਾਤ = **ਪਾਰਲੀਮੈਂਟ ਵਿੱਚ ਸੀਟਾਂ** ਦਾ ਉਹੀ ਅਨੁਪਾਤ

## 4 ਆਪਣੇ ਵੋਟਿੰਗ ਪੇਪਰ ਨੂੰ ਮੁਹੱਈਆ ਕੀਤੇ ਬੈਲਟ ਬਾਕਸ ਵਿੱਚ ਪਾਓ

ਅਤੇ ਬੱਸ ਹੋ ਗਿਆ — ਪੈ ਗਈ ਤੁਹਾਡੀ ਵੋਟ!

## ਕੀ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ?

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ, ਉਦਾਹਰਨ ਲਈ, ਬਿਮਾਰੀ, ਉਮਰ ਜਾਂ ਅਪੰਗਤਾ ਕਰਕੇ, ਤਾਂ ਤੁਸੀਂ ਵੋਟ ਪਾਉਣ ਵਿੱਚ ਸਹਾਇਤਾ ਲੈ ਸਕਦੇ ਹੋ।

ਜੇ ਤੁਸੀਂ ਕਿਸੇ ਕੇਅਰ ਹੋਮ ਵਿੱਚ ਹੋ, ਤਾਂ ਵੋਟ ਪਾਉਣ ਦੀਆਂ ਸੇਵਾਵਾਂ ਦਾ ਬੰਦੋਬਸਤ ਕਰਨ ਲਈ ਤੁਹਾਡਾ ਸਥਾਨਕ ਇਲੈਕਟੋਰੇਟ ਮੈਨੇਜਰ ਤੁਹਾਡੇ ਕੇਅਰ ਹੋਮ ਨਾਲ ਸੰਪਰਕ ਕਰੇਗਾ।

ਜੇਕਰ ਤੁਸੀਂ ਹਸਪਤਾਲ ਵਿੱਚ ਹੋਣ ਕਰਕੇ ਵੋਟ ਪਾਉਣ ਵਾਲੇ ਸਥਾਨ 'ਤੇ ਨਹੀਂ ਜਾ ਸਕਦੇ, ਤਾਂ ਕੋਈ ਦੋਸਤ ਜਾਂ ਪਰਿਵਾਰਕ ਮੈਂਬਰ ਸੋਮਵਾਰ 26 ਅਕਤੂਬਰ ਤੋਂ ਤੁਹਾਡੇ ਵੋਟਿੰਗ ਪੇਪਰ ਲਿਆ ਸਕਦਾ ਹੈ।

ਵਧੇਰੇ ਜਾਣਕਾਰੀ **vote.nz** 'ਤੇ ਜਾਕੇ ਲਵੋ ਜਾਂ ਫਿਰ ਆਪਣੇ ਵਿਕਲਪਾਂ ਬਾਰੇ ਗੱਲਬਾਤ ਕਰਨ ਲਈ **0800 36 76 56** 'ਤੇ ਕਾਲ ਕਰੋ।

## ਵਿਦੇਸ਼ ਤੋਂ ਵੋਟ ਪਾਉਣਾ

ਜੇਕਰ ਤੁਸੀਂ ਸੋਮਵਾਰ 26 ਅਕਤੂਬਰ ਨੂੰ ਵੋਟਾਂ ਪਾਉਣ ਦੀ ਸ਼ੁਰੂਆਤ ਹੋਣ 'ਤੇ ਏਓਟੇਰੋਆ ਨਿਊਜ਼ੀਲੈਂਡ ਵਿੱਚ ਹੋਵੋਗੇ, ਤਾਂ ਜਾਣ ਤੋਂ ਪਹਿਲਾਂ ਵੋਟ ਪਾਉਣਾ ਆਸਾਨ ਹੈ।

ਜੇ ਤੁਸੀਂ ਵਿਦੇਸ਼ ਤੋਂ ਵੋਟ ਪਾ ਰਹੇ ਹੋ, ਤਾਂ ਐਤਵਾਰ 25 ਅਕਤੂਬਰ ਦੀ ਅੱਧੀ ਰਾਤ (ਨਿਊਜ਼ੀਲੈਂਡ ਸਮਾਂ) ਤੱਕ ਤੁਹਾਡਾ ਨਾਮ ਦਰਜ ਹੋ ਜਾਣਾ ਲਾਜ਼ਮੀ ਹੈ। ਤੁਸੀਂ **vote.nz** 'ਤੇ ਨਾਮ ਦਰਜ ਕਰਾ ਸਕਦੇ ਹੋ ਜਾਂ ਆਪਣੇ ਵੇਰਵੇ ਅੱਪਡੇਟ ਕਰ ਸਕਦੇ ਹੋ

ਤੁਸੀਂ ਵਿਦੇਸ਼ ਤੋਂ ਬੁੱਧਵਾਰ 21 ਅਕਤੂਬਰ ਤੋਂ ਲੈ ਕੇ ਸ਼ਨੀਵਾਰ 7 ਨਵੰਬਰ ਨੂੰ ਸ਼ਾਮ 7 ਵਜੇ (ਨਿਊਜ਼ੀਲੈਂਡ ਸਮਾਂ) ਤੱਕ ਵੋਟ ਪਾ ਸਕਦੇ ਹੋ।

ਵਿਦੇਸ਼ਾਂ ਤੋਂ ਵੋਟ ਪਾਉਣ ਦਾ ਸਭ ਤੋਂ ਸੌਖਾ ਅਤੇ ਸਭ ਤੋਂ ਤੇਜ਼ ਤਰੀਕਾ ਹੈ **vote.nz** ਤੋਂ ਆਪਣੇ ਵੋਟਿੰਗ ਪੇਪਰਾਂ ਨੂੰ ਡਾਊਨਲੋਡ ਕਰ ਕੇ ਭਰਨਾ ਅਤੇ ਫਿਰ ਉਹਨਾਂ ਨੂੰ ਅੱਪਲੋਡ ਕਰਨਾ

ਤੁਸੀਂ ਸ਼ਾਇਦ ਵਿਦੇਸ਼ ਵਿੱਚ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਵਿਅਕਤੀਗਤ ਤੌਰ 'ਤੇ ਵੀ ਵੋਟ ਪਾ ਸਕਦੇ ਹੋ। ਵਿਦੇਸ਼ ਵਿੱਚ ਵੋਟ ਪਾਉਣ ਦੇ ਸਥਾਨਾਂ ਦੀ ਸੂਚੀ **vote.nz** 'ਤੇ ਉਪਲਬਧ ਹੋਵੇਗੀ।

ਜੇਕਰ ਇਹ ਵਿਕਲਪ ਤੁਹਾਡੇ ਲਈ ਕੰਮ ਨਹੀਂ ਕਰਦੇ, ਤਾਂ ਮਦਦ ਲਈ ਕਿਰਪਾ ਕਰਕੇ **overseas@vote.nz** 'ਤੇ ਈਮੇਲ ਕਰੋ ਜਾਂ **+64 9 909 4182** 'ਤੇ ਕਾਲ ਕਰੋ (ਅੰਤਰਰਾਸ਼ਟਰੀ ਕਾਲ ਦਰਾਂ ਲਾਗੂ ਹੋ ਸਕਦੀਆਂ ਹਨ)।

## ਕੀ ਆਪਣੇ ਵੋਟਿੰਗ ਪੇਪਰਾਂ ਨੂੰ ਪੜ੍ਹਨ ਜਾਂ ਉਹਨਾਂ 'ਤੇ ਨਿਸ਼ਾਨ ਲਾਉਣ ਵਿੱਚ ਮਦਦ ਚਾਹੀਦੀ ਹੈ?

ਤੁਹਾਡਾ ਕੋਈ ਦੋਸਤ, ਪਰਿਵਾਰਕ ਮੈਂਬਰ, ਜਾਂ ਵੋਟ ਪਾਉਣ ਦੇ ਸਥਾਨ 'ਤੇ ਕੰਮ ਕਰਨ ਵਾਲਾ ਕੋਈ ਵਿਅਕਤੀ ਤੁਹਾਡੇ ਵੋਟਿੰਗ ਪੇਪਰ ਨੂੰ ਪੜ੍ਹਨ ਜਾਂ ਉਸ 'ਤੇ ਨਿਸ਼ਾਨ ਲਗਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਉਹ ਵਿਅਕਤੀ ਇਹ ਕੰਮ ਕਰ ਸਕਦਾ ਹੈ:

- ਤੁਹਾਡੇ ਨਾਲ ਵੋਟਿੰਗ ਸਕ੍ਰੀਨ ਦੇ ਪਿੱਛੇ ਜਾ ਸਕਦਾ ਹੈ
- ਵੋਟਿੰਗ ਪੇਪਰ 'ਤੇ ਲਿਖੇ ਸ਼ਬਦ ਅਤੇ ਜਾਣਕਾਰੀ ਪੜ੍ਹ ਸਕਦਾ ਹੈ
- ਵੋਟਿੰਗ ਪੇਪਰ 'ਤੇ ਨਿਸ਼ਾਨ ਲਗਾ ਸਕਦਾ ਹੈ ਜੇ ਤੁਸੀਂ ਉਹਨਾਂ ਨੂੰ ਅਜਿਹਾ ਕਰਨ ਲਈ ਕਹਿੰਦੇ ਹੋ।

ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ ਤੁਹਾਨੂੰ ਕਿਸਨੂੰ ਵੋਟ ਪਾਉਣੀ ਚਾਹੀਦੀ ਹੈ।

ਜੇ ਤੁਹਾਡੀ ਨਜ਼ਰ ਚਲੀ ਗਈ ਹੈ, ਜਾਂ ਤੁਹਾਨੂੰ ਘੱਟ ਦਿਖਾਈ ਦਿੰਦਾ ਹੈ ਜਾਂ ਕੋਈ ਅਜਿਹੀ ਸਰੀਰਕ ਅਪੰਗਤਾ ਹੈ ਜਿਸਦਾ ਮਤਲਬ ਇਹ ਹੈ ਕਿ ਤੁਸੀਂ ਬਿਨਾਂ ਮਦਦ ਆਪਣੇ ਵੋਟਿੰਗ ਪੇਪਰ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਟੈਲੀਫ਼ੋਨ ਡਿਕਟੇਸ਼ਨ ਸਰਵਿਸ ਦੀ ਵਰਤੋਂ ਕਰਕੇ ਵੋਟ ਪਾ ਸਕਦੇ ਹੋ।

ਇਸ ਸੇਵਾ ਦੀ ਵਰਤੋਂ ਕਰਨ ਲਈ ਤੁਹਾਨੂੰ ਨਾਮ ਰਜਿਸਟਰ ਕਰਵਾਉਣ ਦੀ ਲੋੜ ਹੈ। ਤੁਸੀਂ **5 ਅਕਤੂਬਰ** ਤੋਂ **0800 028 028** 'ਤੇ ਕਾਲ ਕਰਕੇ ਅਤੇ ਰਜਿਸਟਰ ਕਰਵਾਉਣ ਲਈ ਵਿਕਲਪ 1 ਦੀ ਚੋਣ ਕਰਕੇ ਜਾਂ **dictation@vote.nz** 'ਤੇ ਈਮੇਲ ਕਰਕੇ ਨਾਮ ਰਜਿਸਟਰ ਕਰਵਾ ਸਕਦੇ ਹੋ।

ਇਸ ਸੇਵਾ ਬਾਰੇ ਹੋਰ ਜਾਣਕਾਰੀ ਲੈਣ ਲਈ **vote.nz** 'ਤੇ ਜਾਓ।

